ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)
**(ਰਜਿਸਟ੍ਰੇਸ਼ਨ ਬਰਾਂਚ)**

ਨੰਬਰ : 2385/Reg.
ਮਿਤੀ : 21-11-2022

ਸਮੂਹ ਵਿਭਾਗ ਦੇ ਮੁਖੀ ਸਾਹਿਬਾਨ,
ਸਮੂਹ ਕੰਸੀਚਿਊਟ ਕਾਲਜ/ਨੇਬਰਹੁਡ ਕੈਂਪਸ ਅਤੇ ਕਾਲਜ ਦੇ ਪ੍ਰਿੰਸੀਪਲ/ਇੰਚਾਰਜ/ਕੋਆਰਡੀਨੇਟਰ ਸਾਹਿਬ
ਡਿਸਟੈਂਸ ਐਜੂਕੇਸ਼ਨ ਵਿਭਾਗ ਅਤੇ
ਪੰਜਾਬੀ ਯੂਨੀਵਰਸਿਟੀ, ਕੈਂਪਸ ਪਟਿਆਲਾ ।

ਡਿਸਟੈਂਸ ਐਜੂਕੇਸ਼ਨ ਵਿਭਾਗ ਦੇ ਕਈ ਵਿਦਿਆਰਥੀ ਪਹਿਲੇ ਸਾਲ ਦੀ ਪੜਾਈ ਕਰਨ ਉਪਰੰਤ ਰੈਗੂਲਰ ਕਾਲਜ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ । ਇਸ ਸੰਬੰਧ ਵਿੱਚ ਜਿਨ੍ਹਾਂ ਵਿਦਿਆਰਥੀਆਂ ਤੋਂ ਮਾਈਗ੍ਰੇਸ਼ਨ ਫੀਸ ਲੈਣੀ ਹੈ ਜਾਂ ਨਹੀਂ ਅਤੇ ਪ੍ਰਾਈਵੇਟ ਵਿਦਿਆਰਥੀਆਂ ਨੂੰ ਰੈਗੂਲਰ ਤੌਰ ਤੇ ਅਗਲੀ ਕਲਾਸ ਵਿੱਚ ਦਾਖਲਾ ਨਾ ਦੇਣ ਸੰਬੰਧੀ ਵਿਸ਼ੇ ਤੇ ਵਿਚਾਰ ਕਰਨ ਲਈ ਮਿਤੀ 07.10.2022 ਨੂੰ ਗਠਿਤ ਕਮੇਟੀ ਦੀ ਮੀਟਿੰਗ ਹੋਈ। ਜਿਸ ਵਿੱਚ ਹੇਠ ਲਿਖੇ ਫੈਸਲੇ ਲਏ ਗਏ :

1) ਜੇਕਰ ਕੋਈ ਵਿਦਿਆਰਥੀ ਡਿਸਟੈਂਸ ਐਜੂਕੇਸ਼ਨ ਵਿਭਾਗ ਤੋਂ ਕਾਲਜ (ਜਾਂ ਕਾਲਜ) ਤੋਂ ਡਿਸਟੈਂਸ ਐਜੂਕੇਸ਼ਨ ਵਿਭਾਗ ਵਿੱਚ ਪ੍ਰਵਾਸ (ਮਾਈਗ੍ਰੇਸ਼ਨ) ਲੈਣਾ ਚਾਹੁੰਦਾ ਹੈ ਤਾਂ ਉਹ ਪ੍ਰਿੰਸੀਪਲ/ਮੁਖੀ ਡਿਸਟੈਂਸ ਐਜੂਕੇਸ਼ਨ ਤੋਂ ਸਿਫਾਰਿਸ਼ ਕੀਤਾ ਗਿਆ (ਇੰਟਰ ਕਾਲਜ਼ ਮਾਈਗ੍ਰੇਸ਼ਨ) ਫਾਰਮ ਫੀਸ 10000/-ਰੁਪਏ+GST ਭਰ ਕੇ ਲੈ ਸਕਦਾ ਹੈ। ਸਪਸ਼ੱਟ ਹੈ ਫਾਰਮ ਦੀ ਫੀਸ ਵੱਖਰੀ ਹੋਵੇਗੀ ।

2) ਜੇਕਰ ਕਿਸੇ ਵਿਦਿਆਰਥੀ ਨੂੰ ਨੌਕਰੀ ਲੱਗ ਜਾਣ ਕਾਰਣ ਕਾਲਜ ਦੀ ਪੜਾਈ ਵਿੱਚ ਹੀ ਛੱਡਣੀ ਪੈਂਦੀ ਹੈ ਪ੍ਰੰਤੂ ਉਹ ਡਿਸਟੈਂਸ ਐਜੂਕੇਸ਼ਨ ਰਾਹੀਂ ਪੜਾਈ ਜਾਰੀ ਰੱਖਣੀ ਚਾਹੁੰਦਾ ਹੈ ਤਾਂ ਉਹ ਵਿਦਿਆਰਥੀ ਉਪਰੋਕਤ ਅਨੁਸਾਰ ਕੇਵਲ ਫਾਰਮ ਭਰ ਕੇ ਪ੍ਰਵਾਸ (ਮਾਈਗ੍ਰੇਸ਼ਨ) ਕਰ ਸਕਦਾ ਹੈ । ਉਸ ਨੂੰ ਬਣਦੀ ਫੀਸ ਤੋਂ ਛੋਟ ਹੋਵੇਗੀ ।

3) ਜੇਕਰ ਕੋਈ ਵਿਦਿਆਰਥੀ ਡਿਸਟੈਂਸ ਐਜੂਕੇਸ਼ਨ ਤੋਂ ਯੂਨੀਵਰਸਿਟੀ ਦੇ ਕਿਸੇ ਵੀ ਵਿਭਾਗ ਜਾਂ ਵਿਭਾਗ ਤੋਂ ਡਿਸਟੈਂਸ਼ ਐਜੂਕੇਸ਼ਨ ਵਿੱਚ ਪ੍ਰਵਾਸ (ਮਾਈਗ੍ਰੇਸ਼ਨ) ਕਰਨਾ ਚਾਹੁੰਦਾ ਹੈ ਤਾਂ ਉਹ ਵਿਦਿਆਰਥੀ ਕੇਵਲ ਵਿਭਾਗ ਦੇ ਮੁੱਖੀਆਂ ਦੁਆਰਾ ਸਿਫਾਰਿਸ਼ ਕੀਤਾ ਹੋਇਆ ਉਪਰੋਕਤ ਫਾਰਮ ਭਰ ਕੇ ਪ੍ਰਵਾਸ ਕਰ ਸਕਦਾ ਹੈ । ਇਸ ਕੇਸ ਵਿੱਚ ਫੀਸ ਨਹੀਂ ਲੱਗੇਗੀ ।

4) ਕਿਸੇ ਕਲਾਸ ਦੇ ਪ੍ਰਾਈਵੇਟ ਵਿਦਿਆਰਥੀ ਨੂੰ ਰੈਗੂਲਰ ਤੌਰ ਤੇ ਅਗਲੀ ਕਲਾਸ ਵਿੱਚ ਦਾਖਲੇ ਲਈ ਪ੍ਰਵਾਨਗੀ ਨਹੀਂ ਹੋਵੇਗੀ।

ਕਮੇਟੀ ਵਲੋਂ ਸਪੈਸ਼ਲ ਕੇਸ ਵਜੋਂ ਪ੍ਰਾਈਵੇਟ ਵਿਦਿਆਰਥੀ ਵਲੋਂ ਪਹਿਲਾਂ ਸਮੈਸਟਰ ਕਰਨ ਉਪਰੰਤ ਕਾਲਜ ਵਿੱਚ ਰੈਗੂਲਰ ਪ੍ਰਵਾਸ (ਮਾਈਗ੍ਰੇਸ਼ਨ) ਕਰਨ ਦੀ ਵਿਸ਼ੇ ਤੇ ਵੀ ਭਰਪੂਰ ਵਿਚਾਰ ਵਟਾਂਦਰਾ ਕੀਤਾ ਗਿਆ ।

ਇਹ ਫੈਸਲੇ ਵਾਈਸ-ਚਾਂਸਲਰ ਸਾਹਿਬ ਵਲੋਂ ਪ੍ਰਵਾਨ ਕੀਤੇ ਗਏ ਹਨ। ਇਸ ਪੱਤਰ ਰਾਹੀਂ ਹਦਾਇਤ ਕੀਤੀ ਜਾਂਦੀ ਹੈ ਕਿ ਅੱਗੇ ਤੋਂ ਉਪਰੋਕਤ ਫੈਸਲੇ ਅਨੁਸਾਰ ਹੀ ਦਾਖਲੇ/ਮਾਈਗ੍ਰੇਸ਼ਨ ਸਬੰਧੀ ਕਾਰਵਾਈ ਕੀਤੀ ਜਾਵੇ ।
ਜਾਣਕਾਰੀ ਹਿੱਤ ।

G Singh 17/11/22
ਕੰਟਰੋਲਰ (ਪ੍ਰੀਖਿਆਵਾਂ)
ਪੰਜਾਬੀ ਯੂਨੀਵਰਸਿਟੀ, ਪਟਿਆਲਾ ।

17/11/22